TIPS FOR PARENTS

# EQAO Testing



## ਐਜੂਕੇਸ਼ਨ ਕੁਆਲੇਟੀ ਐਂਡ ਅਕਾਉਂਟੇਬਿਲਟੀ ਆਫਿਸ (ਈ ਕਿਊ ਏ ਓ – EQAO )

### ਈ ਕਿਊ ਏ ਓ (EQAO) ਕੀ ਹੁੰਦਾ ਹੈ ਅਤੇ ਵਿਦਿਆਰਥੀ ਕਿਉਂ ਪਰਖਿਆ ਜਾਂਦਾ ਹੈ?

ਈ ਕਿਊ ਏ ਓ ਇੱਕ ਸੂਬਾਈ ਐਜੂਕੇਸ਼ਨ ਕੁਆਲੇਟੀ ਐਂਡ ਅਕਾਉਂਟੇਬਿਲਟੀ ਆਫਿਸ ਹੈ। ਇਹ ਇੱਕ ਸਵਤੰਤਰ ਸਰਕਾਰ ਦੀ ਸੰਸਥਾ ਹੈ ਜਿਹੜੀ ਪੜ੍ਹਨ, ਲਿਖਣ ਅਤੇ ਮੈਥੇਮੈਟਿਕਸ ਦੇ ਟੈਸਟਾਂ ਨੂੰ ਵਿਕਸਤ ਅਤੇ ਉਨ੍ਹਾਂ ਦੀ ਨਿਗਰਾਨੀ ਕਰਦੀ ਹੈ ਜੋ ਉਨਟਾਰੀਓ ਦੇ ਵਿਦਿਆਰਥੀਆਂ ਨੂੰ 3, 6, 9 ਅਤੇ 10 ਗਰੇਡਾਂ ਵਿੱਚ ਜ਼ਰੂਰ ਦੇਣੇ ਪੈਂਦੇ ਹਨ।

ਟੈਸਟ ਮਾਪਿਆਂ, ਅਧਿਆਪਕਾਂ, ਪ੍ਰਿੰਸੀਪਲਾਂ ਅਤੇ ਸਕੂਲ ਬੋਰਡਾਂ ਨੂੰ ਇਸ ਬਾਰੇ ਜਾਣਕਾਰੀ ਦਿੰਦੇ ਹਨ ਕਿ ਵਿਦਿਆਰਥੀ ਕਿੰਨੀ ਚੰਗੀ ਤਰ੍ਹਾਂ ਸਿੱਖ ਚੁੱਕਿਆ ਹੈ ਜਿਸ ਦੀ ਸੂਬਾ ਉਨ੍ਹਾਂ ਤੋਂ ਪੜ੍ਹਨ, ਲਿਖਣ ਅਤੇ ਮੈਥੇਮੈਟਿਕਸ ਵਿੱਚ ਉਮੀਦਾਂ ਕਰਦਾ ਹੈ।

### ਨਤੀਜਿਆਂ ਦਾ ਕੀ ਮਤਲਬ ਹੁੰਦਾ ਹੈ?

ਰਿਪੋਰਟ ਤੁਹਾਨੂੰ ਦੱਸਦੀ ਹੈ ਕਿ ਤੁਹਾਡੇ ਬੱਚੇ ਦੇ ਹੁਨਰ ਇਸ ਪੱਧਰ ’ਤੇ ਹਨ:

ਪੱਧਰ 1 – ਤਕਰੀਬਨ 50% ਤੋਂ 59% ਤਕ ਜਾਂ “ਡੀ”
ਪੱਧਰ 2 – 60% ਤੋਂ 69% ਤਕ ਜਾਂ “ਸੀ”
ਪੱਧਰ 3 – 70% ਤੋਂ 79% ਤਕ ਜਾਂ “ਬੀ”
ਪੱਧਰ 4 – 80% ਤੋਂ 100% ਤਕ ਜਾਂ “ਏ”

ਗਰੇਡ 10 ਦਾ ਲਿਟਰੇਸੀ ਟੈਸਟ ਲਿਖਣ ਵਾਲੇ ਵਿਦਿਆਰਥੀਆਂ ਨੂੰ ਇੱਕ ਪਾਸ/ਫੇਲ ਗਰੇਡ ਮਿਲੇਗਾ।

### ਕੀ ਨਤੀਜੇ ਵਿਦਿਆਰਥੀਆਂ ਦੇ ਰਿਪੋਰਟਾਂ ਕਾਰਡਾਂ ਵਿੱਚ ਗਿਣੇ ਜਾਂਦੇ ਹਨ ?

ਗਰੇਡ 3 ਤੇ 6 ਦੇ ਟੈਸਟ ਵਿਦਿਆਰਥੀ ਦੇ ਨੰਬਰਾਂ ਦੇ ਇੱਕ ਭਾਗ ਵੱਜੋਂ ਗਿਣੇ ਨਹੀਂ ਜਾਂਦੇ ਅਤੇ ਸਕੂਲ ਵਿੱਚ ਉਨ੍ਹਾਂ ਦੀ ਪ੍ਰਗਤੀ ਜਾਂ ਭਵਿੱਖ ਦੇ ਮੌਕਿਆਂ ’ਤੇ ਅਸਰ ਨਹੀਂ ਪਾਉਂਦੇ। ਗਰੇਡ 9 ਦੇ ਮੈਥ ਟੈਸਟ ਨੂੰ ਵਿਦਿਆਰਥੀ ਦੇ ਮੈਥ ਨੰਬਰਾਂ ਵਿੱਚ 10% ਤਕ ਗਿਣਿਆ ਜਾ ਸਕਦਾ ਹੈ। ਪਰ, ਇੱਕ ਉਨਟਾਰੀਓ ਸੈਕੰਡਰੀ ਸਕੂਲ ਡਿਪਲੋਮੇ ਲਈ ਗਰੈਜੂਏਟ ਹੋਣ ਵਾਸਤੇ ਵਿਦਿਆਥੀਆਂ ਨੂੰ ਗਰੇਡ 10 ਦਾ ਲਿਟਰੇਸੀ ਟੈਸਟ ਜਾਂ ਲਿਟਰੇਸੀ ਕੋਰਸ ਜ਼ਰੂਰ ਪਾਸ ਕਰਨਾ ਹੁੰਦਾ ਹੈ।

### ਮੈਂ ਆਪਣੇ ਬੱਚੇ ਦੀ ਤਿਆਰੀ ਕਰਨ ਵਿੱਚ ਕਿਵੇਂ ਮਦਦ ਕਰ ਸਕਦਾ ਹਾਂ ?

ਟੈਸਟਾਂ ਵਾਸਤੇ ਕੋਈ ਵਿਸ਼ੇਸ਼ ਤਿਆਰੀ ਨਹੀਂ ਕੀਤੀ ਜਾਂਦੀ। ਟੈਸਟ ਕਿਸ ਤਰ੍ਹਾਂ ਦੇ ਹੋਣਗੇ ਸਮਝਣ ਵਿੱਚ ਸਹਾਇਤਾ ਕਰਨ ਲਈ ਕੁਝ ਅਧਿਆਪਕ ਨਮੂਨੇ ਦੇ ਸਵਾਲ ਉਪਲਬਧ ਕਰਦੇ ਹਨ। ਤੁਹਾਡੇ ਬੱਚੇ ਦੀ ਸਹਾਇਤਾ ਕਰਨ ਦਾ ਸਭ ਤੋਂ ਵਧੀਆ ਤਰੀਕਾ ਇਹ ਯਕੀਨੀ ਬਣਾਉਣ ਵਿੱਚ ਹੈ ਕਿ ਉਸ ਨੂੰ ਆਰਾਮ ਕਰਵਾਇਆ ਜਾਵੇ ਅਤੇ ਉਹ ਸਕੂਲ ਸਮੇਂ ਸਿਰ ਪਹੁੰਚਿਆ ਹੋਵੇ।

### ਕੀ ਈ ਐੱਸ ਐੱਲ (ESL) ਵਿਦਿਆਰਥੀ ਟੈਸਟ ਦਿੰਦੇ ਹਨ ?

ਹਾਂ, ਭਾਵੇਂ ਕੁਝ ਈ ਐੱਸ ਐੱਲ ਵਿਦਿਆਰਥੀਆਂ ਨੂੰ ਛੋਟ ਮਿਲ ਜਾਂਦੀ ਹੈ ਜੇ ਉਹ ਹਾਲੀ ਹੁਣੇ ਹੀ ਕਨੇਡਾ ਵਿੱਚ ਪਹੁੰਚੇ ਹਨ। ਦੂਸਰਿਆਂ ਨੂੰ ਰਿਆਇਤਾਂ “accommodations” ਮਿਲ ਸਕਦੀਆਂ ਹਨ ਜਿਵੇਂ ਕਿ ਟੈਸਟ ਲਿਖਣ ਵਾਸਤੇ ਜ਼ਿਆਦਾ ਸਮਾਂ, ਇੱਕ ਸ਼ਾਂਤ ਮਾਹੌਲ ਜਾਂ ਹਦਾਇਤਾਂ ਅਤੇ ਸਵਾਲਾਂ ਨੂੰ ਪੜ੍ਹਕੇ ਸੁਣਾਉਣ ਵਾਲੇ ਦਾ ਮਿਲ ਜਾਣਾ। ਟੈਸਟ ਤੋਂ ਕਿਸੇ ਵਿਦਿਆਰਥੀ ਨੂੰ ਰਿਆਇਤਾਂ ਜਾਂ ਛੋਟ ਦੇਣ ਬਾਰੇ ਪ੍ਰਿੰਸੀਪਲ ਨੂੰ ਮਾਪਿਆਂ ਨਾਲ ਮਸ਼ਵਰਾ ਜ਼ਰੂਰ ਕਰਨਾ ਚਾਹੀਦਾ ਹੈ।

### ਕੀ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀ ਵੀ ਟੈਸਟੇ ਦਿੰਦੇ ਹਨ?

ਸਾਰੇ ਹੀ ਵਿਦਿਆਰਥੀਆਂ ਨੂੰ ਟੈਸਟ ਦੇਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ ਪਰ ਵਿਸ਼ੇਸ਼ ਲੋੜਾਂ ਵਾਲੇ ਕੁਝ ਵਿਦਿਆਰਥੀਆਂ ਨੂੰ ਛੋਟ ਦਿੱਤੀ ਜਾ ਸਕਦੀ ਹੈ। ਇਨ੍ਹਾਂ ਵਿਦਿਆਰਥੀਆਂ ਕੋਲ ਆਮ ਤੌਰ ਤੇ ਵਿਅਕਤੀਗਤ ਐਜੂਕੇਸ਼ਨ ਪਲੈਨ (IEPS) ਹੁੰਦਾ ਹੈ ਜੋ “ਰਿਆਇਤਾਂ” ਜਾਂ “ਸਮਰਥਨਾਂ” ਦੀ ਰੂਪ-ਰੇਖਾ ਤਿਆਰ ਕਰਦਾ ਹੈ ਜਿਹੜੀ ਉਨ੍ਹਾਂ ਦੀ ਸਕੂਲ ਵਿੱਚ ਸਫਲ ਹੋਣ ਵਿੱਚ ਮਦਦ ਕਰਦੀ ਹੈ। “ਰਿਆਇਤਾਂ” ਈ ਕਿਊ ਏ ਓ ਟੈਸਟਾਂ ਨੂੰ ਲਿਖਣ ਵਿੱਚ ਵੀ ਵਿਦਿਆਰਥੀਆਂ ਦੀ ਮਦਦ ਕਰਦੀਆਂ ਹਨ। ਉਨ੍ਹਾਂ ਵਿੱਚ ਲਿੱਖਣ ਲਈ ਜ਼ਿਆਦਾ ਸਮਾਂ ਦੇਣਾ, ਇੱਕ ਸ਼ਾਂਤ ਮਾਹੌਲ ਜਾਂ ਉਨ੍ਹਾਂ ਨੂੰ ਕਿਸੇ ਵਲੋਂ ਹਦਾਇਤਾਂ ਜਾਂ ਸਵਾਲਾਂ ਨੂੰ ਪੜ੍ਹ ਕੇ ਦੇਣ ਵਾਲੇ ਦਾ ਮਿਲਣਾ ਸ਼ਾਮਲ ਹੁੰਦਾ ਹੈ।

ਕਿਸੇ ਵਿਦਿਆਰਥੀ ਨੂੰ ਟੈਸਟ ਤੋਂ ਰਿਆਇਤਾਂ ਜਾਂ ਛੋਟਾਂ ਦੇਣ ਬਾਰੇ ਪ੍ਰਿੰਸੀਪਲ ਨੂੰ ਮਾਪਿਆਂ ਨਾਲ ਜ਼ਰੂਰ ਮਸ਼ਵਰਾ ਕਰਨਾ ਚਾਹੀਦਾ ਹੈ।

### ਕੀ ਫਰੈਂਚ ਅਮਰਸ਼ਨ (Immersion – ਲੀਨਤਾ) ਵਿਦਿਆਰਥੀ ਟੈਸਟ ਦਿੰਦੇ ਹਨ ?

ਗਰੇਡ 3 ਵਿੱਚ, ਸਕੂਲ ਫਰੈਂਚ ਅਮਰਸ਼ਨ ਵਿਦਿਆਰਥੀਆਂ ਵਾਸਤੇ ਮੈਥੇਮੈਟਿਕਸ ਟੈਸਟ ਦਾ ਕੇਵਲ ਫਰੈਂਚ ਰੂਪਾਂਤਰ ਲਿਖਣ ਦੀ ਚੋਣ ਕਰ ਸਕਦੇ ਹਨ ਅਤੇ ਕੇਵਲ ਮੈਥੇਮੈਟਿਕਸ ਦੇ ਹੀ ਨਤੀਜੇ ਪ੍ਰਾਪਤ ਕਰਦੇ ਹਨ ਜਾਂ ਉਹ ਮੰਗ ਕਰ ਸਕਦੇ ਹਨ ਕਿ ਫਰੈਂਚ ਅਮਰਸ਼ਨ ਵਿਦਿਆਰਥੀ ਦੋਵੇਂ ਹੀ ਫਰੈਂਚ ਮੈਥ ਟੈਸਟ ਅਤੇ ਇੰਗਲਿਸ਼ ਪੜ੍ਹਨ ਅਤੇ ਲਿਖਣ ਟੈਸਟਾਂ ਲਿਖਣ।

ਗਰੇਡ 6 ਵਿੱਚ, ਫਰੈਂਚ ਅਮਰਸ਼ਨ ਵਿਦਿਆਰਥੀਆਂ ਤੋਂ ਸਾਰੇ ਟੈਸਟਾਂ ਨੂੰ ਇੰਗਲਿਸ਼ ਵਿੱਚ ਲਿਖਣ ਦੀ ਉਮੀਦ ਕੀਤੀ ਜਾਂਦੀ ਹੈ ਪਰ ਉਹ ਮੈਥੇਮੈਟੀਕਲ ਸ਼ਬਦਾਂ ਦੀ ਦੁਭਾਸ਼ੀ ਗਲਾਸਰੀ (ਪਾਰਿਭਾਸ਼ਕ) ਵਰਤ ਸਕਦੇ ਹਨ।

### ਟੈਸਟ ਨਤੀਜੇ ਕਿਵੇਂ ਵਰਤੇ ਜਾਂਦੇ ਹਨ ?

ਅਧਿਆਪਕਾਂ ਅਤੇ ਪ੍ਰਿੰਸੀਪਲਾਂ ਨੂੰ ਇੱਕ ਰਿਪੋਰਟ ਪ੍ਰਾਪਤ ਹੁੰਦੀ ਹੈ ਜੋ ਦੱਸਦੀ ਹੈ ਕਿ ਵਿਦਿਆਰਥੀਆਂ ਨੇ ਪੜ੍ਹਨ, ਲਿਖਣ ਅਤੇ ਮੈਥੇਮੈਟਿਕਸ ਵਿੱਚ ਕਿਸ ਤਰ੍ਹਾਂ ਦੀ ਕਾਰਗੁਜ਼ਾਰੀ ਵਿਖਾਈ ਹੈ। ਜੇ ਬਹੁਤੇ ਵਿਦਿਆਰਥੀਆਂ ਨੇ ਕਿਸੇ ਇੱਕ ਖਾਸ ਹੁਨਰ ’ਤੇ ਮਾੜੀ ਕਾਰਗੁਜ਼ਾਰੀ ਵਿਖਾਈ ਹੈ, ਫਿਰ ਅਧਿਆਪਕ ਜ਼ਿਆਦਾ ਸਫਲ ਹੋਣ ਲਈ ਵਿਦਿਆਰਥੀਆਂ ਦੀ ਮਦਦ ਕਰਨ ਵਾਸਤੇ ਬਿਹਤਰ ਅਧਿਆਪਨ ਜੁਗਤਾਂ ਅਤੇ ਵਸੀਲੇ ਭਾਲਣ ਦੀਆਂ ਕੋਸ਼ਿਸ਼ਾਂ ਕਰਦੇ ਹਨ। ਜੇ ਬਹੁਤੇ ਸਕੂਲਾਂ ਦੇ ਵਿਦਿਆਰਥੀਆਂ ਨੂੰ ਇੱਕੋ ਜਿਹੀਆਂ ਹੀ ਮੁਸ਼ਕਲਾਂ ਹਨ, ਫਿਰ ਸਕੂਲ ਬੋਰਡਾਂ ਨੂੰ ਪਤਾ ਲੱਗ ਜਾਵੇਗਾ


© People for Education 2009

THE ONTARIO TRILLIUM FOUNDATION
LA FONDATION TRILLIUM DE L'ONTARIO
toronto community foundation

ਕਿ ਸਾਰੇ ਸਕੂਲਾਂ ਨੂੰ ਆਪਣੀਆਂ ਅਧਿਆਪਨ ਜੁਗਤਾਂ ਨੂੰ ਸੁਧਾਰਨ ਜਾਂ ਬਿਹਤਰ ਵਸੀਲੇ ਭਾਲਣ ਦੀ ਲੋੜ ਹੈ। ਮਾਪਿਆਂ ਨੂੰ ਟੈਸਟ ਨਤੀਜੇ ਪੱਤਝੜ (ਫਾਲ) ਵਿੱਚ ਪ੍ਰਾਪਤ ਹੁੰਦੇ ਹਨ। ਨਤੀਜੇ ਉਨ੍ਹਾਂ ਸਕੂਲਾਂ ਨੂੰ ਭੇਜੇ ਜਾਂਦੇ ਹਨ ਜਿੱਥੇ ਵਿਦਿਆਰਥੀ ਨੇ ਟੈਸਟ ਲਿਖਿਆ ਸੀ ਅਤੇ ਸਕੂਲ ਅੱਗੋਂ ਨਤੀਜਿਆਂ ਨੂੰ ਉਨ੍ਹਾਂ ਵਿਦਿਆਰਥੀਆਂ ਨੂੰ ਭੇਜ ਦਿੰਦੇ ਹਨ ਜਿਹੜੇ ਸਕੂਲ ਛੱਡ ਚੁੱਕੇ ਹੁੰਦੇ ਹਨ।

**ਮੈਂ ਹੋਰ ਵਧੇਰੇ ਜਾਣਕਾਰੀ ਕਿਵੇਂ ਪ੍ਰਾਪਤ ਕਰ ਸਕਦਾ ਹਾਂ ?**

ਈ ਕਿਊ ਏ ਓ ਦੇ ਵੈੱਬਸਾਈਟ www.eqao.com ’ਤੇ ਬਹੁਤੀ ਵਾਰੀ ਪੁੱਛੇ ਜਾਂਦੇ ਸਵਾਲਾਂ, ਟੈਸਟਾਂ ਦੇ ਨਮੂਨਿਆਂ, ਅਤੇ ਟੈਸਟ ਨਤੀਜਿਆਂ ਦੇ ਜਵਾਬ ਮਿਲ ਜਾਂਦੇ ਹਨ।



People for Education is an independent parents’ group working to support public education in Ontario’s English, French and Catholic schools.

**You can reach us at:** P.O. Box 64, Station P, Toronto, Ontario, M5S 2S6
Phone: 416-534-0100 • fax: 416-536-0100 • email: *info@peopleforeducation.com* or *visit: www.peopleforeducation.com*